**ਸ਼੍ਰੇਣੀ ਬਾਰ੍ਹਵੀਂ**

**ਵਿਸ਼ਾ – ਲਾਜ਼ਮੀ ਪੰਜਾਬੀ**

**ਸਮੈਸਟਰ – II**

**ਨਮੂਨੇ ਦਾ ਪ੍ਰਸ਼ਨ–ਪੱਤਰ**

**ਸਮਾਂ: 3ਘੰਟੇ** | **ਲਿਖਤੀ ਪੇਪਰ: 70**

**ਆਂਤਰਿਕ ਮੁਲਾਂਕਣ: 30**

**ਕੁੱਲ ਅੰਕ: 100**

**ਪ੍ਰਸ਼ਨ 1.ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।**

(ੳ) ਡਾ. ਬਲਦੇਵ ਸਿੰਘ ਗਿੱਲ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਸ਼ਾਮਿਲ ਕੀਤੀ ਗਈ ਹੈ।

(ਅ) ਦੱਸੋ ਇਹ ਕਥਨ ਠੀਕ ਹੈ ਕਿ ਗਲਤ:

ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਕਿਮਾ ਹੁੰਦੀ ਹੈ।

(ੲ) ਠੀਕ ਉੱਤਰ ਚੁਣ ਕੇ ਲਿਖੋ:–

ਮਰਦਾਂ ਦਾ ਲੋਕ – ਨਾਚ ਹੈ:

(ੳ) ਸੰਮੀ (ਅ) ਝੂਮਰ (ੲ) ਗਿੱਧਾ

(ਸ) ਖ਼ਾਲੀ ਸਥਾਨ ਭਰੋ:–

ਘੋੜੀ ਚੜ੍ਹਨ ਤੋਂ ਪਹਿਆਂ ਵਿਆਹ ਵਾਲ਼ੇ ਮੁੰਡੇ ਦੀ ................................ ਸੁਮਾ ਪਾਉਣ ਦੀ ਰਸਮ ਕਰਦੀ ਹੈ।

(ਹ) ਲੋਹੜੀ ਤੋਂ ਅਗਲੇ ਦਿਨ ਕਿਹੜਾ ਤਿਉਹਾਰ ਆਉਂਦਾ ਹੈ।

(ਕ) ਰਾਤ ਦੇ ਸਮੇਂ ਬਿੱਲੀਆਂ ਜਾਂ ਕੁੱਤਿਆਂ ਦਾ ਰੋਣਾ ਕਿਸ ਚੀਜ਼ ਦਾ ਸੂਚਕ ਮੰਨਿਆ ਜਾਂਦਾ ਹੈ।

(ਖ) 'ਮੈਨੂੰ ਜਾਣਨੈ' ਕਹਾਣੀ ਦੇ ਮੁੱਖ ਪਾਤਰ ਦਾ ਨਾਮ ਲਿਖੋ।

(ਗ) ਅਖਾਉਤ ਪੂਰੀ ਕਰੋ: ਘੜੇ ਨੂੰ ਹੱਥ ਲਾਇਆ ................................ ।

(ਘ) ਅਖਾਉਤ ਪੂਰੀ ਕਰੋ: ................................ ਬਹਾਰਲਾ ਜੋਗੀ ਸਿੱਧ। $1 \times 10 = 10$

**ਪ੍ਰਸ਼ਨ 2.ਕਿਸੇ ਪੰਜ ਪ੍ਰਸ਼ਨ ਦੇ ਉੱਤਰ ਲਿਖੋ।**

(ੳ) ਮਨੁੱਖੀ ਜੀਵਨ ਵਿੱਚ ਰਸਮ–ਰਿਵਾਜਾਂ ਦਾ ਕੀ ਮਹੱਤਵ ਹੈ?

(ਅ) ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਤੁਰਿਆ ਰਹਿੰਦਾ ਹੈ। ਦੱਸੋ ਇਸ ਕਾਫ਼ਲੇ ਵਿੱਚ ਕਿਹੜੇ–ਕਿਹੜੇ ਤਿਉਹਾਰ ਆਉਂਦੇ ਹਨ?

(ੲ) ਮਨਾਹੀਆਂ ਵਾਲੇ ਲੋਕ-ਵਿਸ਼ਵਾਸ਼ਾਂ ਉੱਤੇ ਨੋਟ ਲਿਖੋ।

(ਸ) ਪੰਜਾਬੀਆਂ ਦੀ ਕਿਹੜੀ ਭਾਂਤ ਦੀਆਂ ਖੇਡਾਂ ਵਿੱਚ ਜਿਆਦਾ ਰੁਚੀ ਹੈ। ਇਹ ਵੀ ਦੱਸੋ ਕਿ ਅਜਿਹਾ ਕਿਉਂ ਹੈ?

(ਹ) ਲੋਕ ਗੀਤਾਂ ਅਤੇ ਵਿਸ਼ਿਸ਼ਟ ਸਾਹਿਤ ਵਿੱਚ ਕਿਹੜੀਆਂ ਸਾਂਝਾਂ ਅਤੇ ਵਖਰੇਵੇਂ ਹਨ?

(ਕ) 'ਪੰਜਾਬ ਦੇ ਲੋਕ-ਨਾਚ' ਪਾਠ ਵਿੱਚ ਆਏ ਮਰਦ ਲੋਕ-ਨਾਚਾਂਦਾ ਸੰਖੇਪ ਵਰਨਣ ਕਰੋ।

(ਖ) ਨਕਲਾਂ ਦੇ ਖੇਡਣ ਲਈ ਕਿਹੋ ਜਿਹੇ ਪਿੜ ਦੀ ਵਰਤੋਂ ਕੀਤੀ ਜਾਂਦੀ ਹੈ? 4+4+4+4+4 = 20

ਪ੍ਰਸ਼ਨ 3.ਤੁਸੀਂ ਬੀ.ਐਸ.ਸੀ. ਦਾ ਇਮਤਿਹਾਨ ਪਾਸ ਕੀਤਾ ਹੋਇਆ ਹੈ ਪਰ ਤੁਸੀਂ ਬੇਰੁਜਗਾਰ ਹੋ। ਪੰਜਾਬ ਵਿੱਤ ਨਿਗਮ ਨੂੰ ਇੱਕ ਪੱਤਰ ਲਿਖੋ ਅਤੇ ਆਪਣੀ ਸਮੱਰਥਾ ਬਾਰੇ ਜਾਣਕਾਰੀ ਦਿੰਦਿਆਂ ਨਿਗਮ ਪਾਸੋਂ ਕਿਲ ਸਕਦੀ ਸਹਾਇਤਾ ਬਾਰੇ ਜਾਣਕਾਰੀ ਦੀ ਮੰਗ ਕਰੋ।

**ਜਾਂ**

ਤੁਸੀਂ ਆਪਣੀ ਦੁਕਾਨ (ਗਿਆਨ ਪੁਸਤਕ ਭੰਡਾਰ, ਨਾਭਾ) ਲਈ ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਕੁਝ ਪੁਸਤਕਾਂ ਮੰਗਵਾਈਆਂ ਸਨ ਜੋ ਕਿ ਉਹਨਾਂ ਨੇ ਠੀਕ ਢੰਗ ਨਾਲ ਪੈਕ ਕਰਕੇ ਅਤੇ ਯੋਗ ਕਮਿਸ਼ਨ ਕੱਟ ਕੇ ਬਿਲ ਬਣਾ ਕੇ ਸਮੇਂ ਸਿਰ ਭੇਜ ਦਿੱਤੀਆਂ ਹਨ। ਤੁਸੀਂ ਬੈਂਕ ਡਰਾਫਟ ਰਾਹੀਂ ਬਿਲ ਦਾ ਭੁਗਤਾਨ ਕਰਦਿਆਂ ਇੱਕ ਪੱਤਰ ਲਿਖੋ, ਜਿਸ ਵਿੱਚ ਉਹਨਾਂ ਦੀ ਸ਼ਲਾਘਾ ਦੇ ਸ਼ਬਦ ਵੀ ਲਿਖੇ ਹੋਣ। 2+4+2 = 8

**ਪ੍ਰਸ਼ਨ 4.ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾ ਸਿਰਲੇਖ ਵੀ ਲਿਖੋ।**

ਇਸ ਵਿੱਖ ਸ਼ੱਕ ਨਹੀਂ ਕਿ ਆਸ ਤੋਂ ਬਿਨਾਂ ਨਾ ਆਦਮੀ ਅਤੇ ਨਾ ਹੀ ਸਮਾਜ ਕਾਇਮ ਰਹਿ ਸਕਦਾ ਹੈ। ਆਸ ਇੱਕ ਅਜਿਹੀ ਚਿਣਗ ਹੈ, ਜਿਸ ਸਦਕਾ ਮਨੁੱਖਤਾ ਸੁਪਨੇ ਵੇਖਦੀ, ਯੋਜਨਾਵਾਂ ਬਣਾਉਂਦੀ ਤੇ ਉਾਸਰੀ ਕਰਦੀ ਹੋਈ ਅੱਜ ਤੱਕ ਜਿਉਂਦੀ ਆਈ ਹੈ। ਮਨੁੱਖਤਾ ਨੇ ਹਮੇਸ਼ਾਂ ਉਸ ਵੇਲੇ ਉਸਾਰੀ ਕੀਤੀ, ਜਦ ਉਸ ਨੂੰ ਚੁਫ਼ੇਰੇ ਵੀਰਾਨੀ ਤੇ ਖੰਡਰ ਵਿਖਾਈ ਦੇ ਰਹੇ ਸਨ। ਅਸਲ ਵਿੱਚ ਆਸ ਮਨੁੱਖੀ ਸੁਭਾਅ ਦਾ ਇੱਕ ਅੰਗ ਹੈ। ਪਰ ਆਸ ਏਨੀ ਸੁਭਾਵਿਕ ਹੋਣ ਤੇ ਵੀ ਅਸੀਂ ਉਸ ਨੂੰ ਗਵਾ ਸਕਦੇ ਹਾਂ, ਅਜਿਹੀ ਹਾਲਤ ਵਿੱਚ ਕੀ ਅਸੀਂ ਆਪਣੇ ਮਨ ਵਿੱਚ ਆਸ ਮੁੜ ਜਗਾ ਸਕਦੇ ਹਾਂ? ਬੇਸ਼ਕ। ਆਸ ਕਿਉਂਕੀ ਜ਼ਿੰਦਗੀ ਦੇ ਸੁਭਾਵਿਕ ਵਹਿਣ ਨਾਲ ਜੁੜੀ ਹੋਈ ਹੈ, ਇਸ ਲਈ ਉਸ ਦੇ ਰਾਹ ਦੀਆਂ ਰੁਕਾਵਟਾਂ ਦੂਰ ਕਰਕੇ, ਅਸੀਂ ਉਸ ਦੇ ਵਹਿਣ ਨੂੰ ਬੇਰੋਕ ਬਣਾ ਸਕਦੇ ਹਾਂ। ਅਜਿਹੇ ਮੌਕਿਆਂ 'ਤੇ ਆਪਣਾ ਧਿਆਨ ਵਰਤਮਾਨ 'ਤੇ ਕੇਂਦਰਿਤ ਕਰੋ ਤੇ ਹਰ ਦਿਨ ਵਿੱਚ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਲੱਭੋ, ਏਥੋ ਤੱਕ ਕਿ ਹਰ ਘੰਟੇ ਨੂੰ ਚੰਗੀ ਤਰ੍ਹਾਂ ਜਿਉਣ ਦਾ ਜਤਨ ਕਰੋ, ਕੋਈ ਚੰਗੀ ਕਿਤਾਬ ਪੜ੍ਹ ਕੇ, ਕਿਸੇ ਨਾਲ ਚੰਗੀਆਂ ਗੱਲਾਂ ਕਰਕੇ, ਕਿਸੇ ਨਾਲ ਹਮਦਰਦੀ ਭਰਿਆ

ਸਨੂਕ ਕਰਕੇ, ਕਿਸੇ ਕੁਦਰਤੀ ਦ੍ਰਿਸ਼ ਤੇ ਸੁਹੱਪਣ ਨੂੰ ਮਾਣ ਕੇ ਅਪਣੀਆਂ ਜੜ੍ਹਾਂ ਪੂਰੀ ਤਰ੍ਹਾਂ ਵਰਤਮਾਨ ਵਿੱਚ ਜਮਾਓ, ਜਦ ਤੱਕ ਕਿ ਤੁਹਾਡੇ ਅੰਦਰ ਆਉਦ ਵਾਲੇ ਕੱਲ੍ਹ ਬਾਰੇ ਸੋਚਣ ਦਾ ਹੌਸਲਾ ਨਹੀਂ ਆ ਜਾਂਦਾ। 8 + 2 = 10

**ਪ੍ਰਸ਼ਨ 5.ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਪੰਜ ਨੂੰ ਜਾਕਾਂ ਵਿੱਚ ਵਰਤੋਂ ਜਾਂ ਉਨ੍ਹਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ।**

(ੳ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(ਅ) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(ੲ) ਠੂਠਾ ਫੁੱਟ ਕੇ ਛੰਨਾ ਮਿਲਿਆ

(ਸ) ਨਾਤ੍ਹੀ ਧੋਤੀ ਰਹਿ ਗਈ, ਮੂੰਹ ਤੇ ਮੱਖੀ ਬਹਿ ਗਈ

(ਹ) ਮਨ ਜੀਤੇ ਜਗ ਜੀਤ

(ਕ) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ

(ਖ) ਸੰਗ ਤਸਰੇ, ਕੁਸੰਗ ਡੋਬੇ

(ਗ) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ 2+2+2+2+2 = 10

**ਪ੍ਰਸ਼ਨ 6.ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ।**

ਬਰਸਾਤ ਦੀ ਇੱਕ ਸ਼ਾਮ, ਲੋਰੀ 6

**ਪ੍ਰਸ਼ਨ 7.ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

ਆਪਣਾ ਦੇਸ਼, ਕਾਰ ਖਿਡੌਣਾ 8